PARKINSON'S UK

CHANGE ATTITUDES. FIND A CURE. JOIN US.



# ਪਾਰਕਿੰਸਨ'ਸ ਦੀ ਜਾਣਕਾਰੀ ਅਤੇ ਸਹਾਇਤਾ



Parkinson's information and support
Punjabi

# ਪਾਰਕਿੰਸਨ'ਸ ਦੀ ਜਾਂਚ ਤੁਹਾਡੀ ਜ਼ਿੰਦਗੀ ਦੇ ਉਪਰਲੇ ਭਾਗ ਨੂੰ ਘੱਟ ਕਰ ਸਕਦੀ ਹੈ- ਸਾਡੇ ਤੋਂ ਸਹਾਇਤਾ ਲਓ।



**ਜੇ ਤੁਹਾਨੂੰ ਪਾਰਕਿੰਸਨ'ਸ ਹੈ ਜਾਂ ਤੁਸੀ ਕਿਸੇ ਵਿਅਕਤੀ ਨੂੰ ਜਾਣਦੇ ਹੋ ਜਿਸਨੂੰ ਪਾਰਕਿੰਸਨ'ਸ ਹੈ ਤਾਂ ਤੁਹਾਡੇ ਕੋਲ ਸ਼ਾਇਦ ਕਈ ਪ੍ਰਸ਼ਨ ਹੋ ਸਕਦੇ ਹਨ ਅਤੇ ਸ਼ਾਇਦ ਕੁਝ ਚਿੰਤਾਵਾਂ ਹਨ। ਇਹ ਉਹ ਹੈ ਜੋ ਪਾਰਕਿੰਸਨ'ਸ UK ਦੇ ਅੰਦਰ ਆਉਂਦਾ ਹੈ।**

ਪਾਰਕਿੰਸਨ'ਸ ਨਾਲ ਪ੍ਰਭਾਵਿਤ ਹਰੇਕ ਵਿਅਕਤੀ ਨੂੰ ਸਾਡੇ ਕੋਲ ਜਾਣਕਾਰੀ ਦੀ ਲੜੀ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਜਦ ਵੀ ਤੁਹਾਨੂੰ ਸਾਡੀ ਲੋੜ ਹੋਵੇ ਜਾਂ ਇੱਥੇ ਤੱਕ ਕਿ ਤੁਸੀ ਸੰਪਰਕ ਵਿੱਚ ਰਹਿਣਾ ਚਾਹੁੰਦੇ ਹੋ ਤਾਂ ਅਸੀ ਇੱਥੇ ਤੁਹਾਡੀ ਲਈ ਉਪਲਬਧ ਹਾਂ।

ਇਹ ਲੀਫ਼ਲੈਟ ਉਹਨਾਂ ਸਾਰਿਆਂ ਵੱਖ-ਵੱਖ ਤਰੀਕਿਆਂ ਦਾ ਵਰਣਨ ਕਰਦਾ ਹੈ ਜਿਹਨਾਂ ਨਾਲ ਤੁਸੀ ਪਾਰਕਿੰਸਨ'ਸ ਬਾਰੇ ਜਾਣਕਾਰੀ ਅਤੇ ਸਹਾਇਤਾ ਵਰਤ ਸਕਦੇ ਹੋ। ਉਹ ਚੁਣੋ ਜੋ ਤੁਹਾਡੇ ਲਈ ਬਿਹਤਰੀਨ ਅਨੁਕੂਲ ਹੈ ਅਤੇ ਫਿਰ ਸਾਨੂੰ ਤੁਹਾਡੀ ਸਹਾਇਤਾ ਕਰਨ ਦਿਉ ਕਿਉਂਕਿ ਤੁਸੀ ਸਥਿਤੀ ਨਾਲ ਜ਼ਿੰਦਗੀ ਬਾਰੇ ਥੋੜਾ ਜਿਹਾ ਪਤਾ ਕਰ ਸਕਦੇ ਹੋ।

ਮੈਂ ਇੰਟਰਨੈਟ ਦੀ ਵਰਤੋਂ ਕਰਕੇ ਪਾਰਕਿੰਸਨ'ਸ ਬਾਰੇ ਪਤਾ ਕਰਨਾ ਚਾਹੁੰਦਾ ਹਾਂ।
6, 8 ਅਤੇ 11 ਪੇਜ ਤੇ ਜਾਓ।

ਮੈਨੂੰ ਬਹੁਤ ਸਾਰੇ ਪ੍ਰਸ਼ਨ ਪ੍ਰਾਪਤ ਹੋਏ ਹਨ,ਕੀ ਤੁਸੀ ਸਥਾਨਕ ਤੌਰ ਤੇ ਕਿਸੇ ਨਾਲ ਗੱਲ ਕਰ ਸਕਦੇ ਹੋ?
5 ਅਤੇ 7 ਪੇਜਾਂ ਤੇ ਜਾਓ।





ਮੈਨੂੰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ ਜਿਸ ਤੇ ਮੈਂ ਭਰੋਸਾ ਕਰ ਸਕਦਾ ਹਾਂ?
8 ਪੇਜ ਤੇ ਜਾਓ



ਕੀ ਮੈਂ ਕਿਸੇ ਵਿਅਕਤੀ ਨੂੰ ਕਾੱਲ ਕਰ ਸਕਦਾ ਹਾਂ ਅਤੇ ਗੱਲ ਕਰ ਸਕਦਾ ਹਾਂ?
5 ਅਤੇ 7 ਪੇਜਾਂ ਤੇ ਜਾਓ।

ਮੈਂ ਪਾਰਕਿੰਸਨ'ਸ ਬਾਰੇ ਅਪ-ਟੂ-ਡੇਟ ਖਬਰਾਂ ਚਾਹੁੰਦਾ ਹਾਂ।
ਪੇਜ 10 ਤੇ ਜਾਓ

**0808 800 0303** ਤੇ ਕਾੱਲ ਕਰਕੇ (ਪਾਠ ਪ੍ਰਸਾਰਣ **18001 0808 800 0303**) ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ। ਵਿਆਖਿਆ ਸੇਵਾ ਉਪਲਬਧ ਹੈ।

# ਪਾਰਕਿੰਸਨ'ਸ UK ਟੀਮ ਵੱਲੋਂ ਜਾਣਕਾਰੀ ਅਤੇ ਸਹਾਇਤਾ

## ਅੱਜ ਕਿਸੇ ਇੱਕ ਵਿਅਕਤੀ ਨੂੰ ਕਾੱਲ ਕਰੋ ਜਾਂ ਕਿਸੇ ਨਾਲ ਸਥਾਨਕ ਤੌਰ ਤੇ ਗੱਲ ਕਰੋ।

### ਹੈਲਪਲਾਈਨ

ਫੋਨ ਦੇ ਅੰਤ ਵਿੱਚ ਸਾਡੀਆਂ ਮਾਹਿਰ ਨਰਸਾਂ ਅਤੇ ਸਲਾਹਕਾਰ ਪਾਰਕਿੰਸਨ'ਸ ਨਾਲ ਰਹਿਣ ਦੇ ਸਾਰੇ ਪੱਖਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ।

ਇਸ ਵਿੱਚ ਲੱਛਣਾਂ ਦਾ ਪ੍ਰਬੰਧ ਅਤੇ ਦਵਾਈਆਂ, ਰੋਜ਼ਾਨਾ ਜਿਉਣ ਦੇ ਟਿਪਸ, ਸਮਾਜਿਕ ਸੰਭਾਲ, ਰੁਜ਼ਗਾਰ, ਲਾਭ ਅਤੇ ਹੋਰ ਬਹੁਤ ਕੁਝ ਸ਼ਾਮਿਲ ਹੈ।

ਤੁਸੀ ਪਾਰਕਿੰਸਨ'ਸ ਨਾਲ ਜਿਉਣ ਬਾਰੇ ਕਿਸੇ ਵਿਅਕਤੀ ਨਾਲ ਗੱਲ ਕਰਨ ਲਈ ਸੰਪਰਕ ਵੀ ਕਰ ਸਕਦੇ ਹੋ ਜਾਂ ਜੇ ਤੁਸੀ ਕਿਸੇ ਵਿਅਕਤੀ- ਸ਼ਾਇਦ ਇੱਕ ਮਿੱਤਰ, ਪਰਿਵਾਰ ਦਾ ਮੈਂਬਰ ਜਾਂ ਸਾਥੀ ਦੀ ਸਥਿਤੀ ਬਾਰੇ ਜਾਣਨਾ ਚਾਹੁੰਦੇ ਹੋ।

ਹੈਲਪਲਾਈਨ ਮੁਫ਼ਤ* ਅਤੇ ਗੁਪਤ ਹੈ। ਵਿਆਖਿਆ ਅਤੇ ਵਿਸ਼ਾ-ਵਸਤੂ ਪ੍ਰਸਾਰਣ ਸੇਵਾ ਉਪਲਬਧ ਹੈ।

*UK ਲੈਂਡਲਾਈਨਾਂ ਅਤੇ ਜ਼ਿਆਦਾਤਰ ਮੋਬਾਇਲ ਨੈਟਵਰਕਾਂ ਤੋਂ ਕਾੱਲਾਂ ਮੁਫ਼ਤ ਹਨ।

## ਸਥਾਨਕ ਜਾਣਕਾਰੀ ਅਤੇ ਸਹਾਇਤਾ ਕਰਮਚਾਰੀ

ਸਾਡੀ ਜਾਣਕਾਰੀ ਅਤੇ ਸਹਾਇਤਾ ਕਰਮਚਾਰੀ, ਪਾਰਕਿੰਸਨ'ਸ ਬਾਰੇ ਅਤੇ ਸਥਾਨਕ ਸੇਵਾਵਾਂ ਬਾਰੇ, ਗੁਪਤ, ਇੱਕ-ਇੱਕ ਕਰਕੇ ਜਾਣਕਾਰੀ ਦਿੰਦੇ ਹਨ।

ਸਥਿਤੀ ਨਾਲ ਪ੍ਰਭਾਵਿਤ ਹਰ ਵਿਅਕਤੀ ਦੀ ਉਸਦੇ ਪਰਿਵਾਰ ਅਤੇ ਮਿੱਤਰਾਂ ਸਮੇਤ ਸਹਾਇਤਾ ਕਰਦੇ ਹਨ। ਜੇ ਜਰੂਰਤ ਪਵੇ ਤਾਂ ਉਹ ਸਥਾਨਕ ਸਹਾਇਤਾ ਸੇਵਾਵਾਂ ਅਤੇ ਸਿਹਤ ਅਤੇ ਸਮਾਜਿਕ ਸੰਭਾਲ ਪੇਸ਼ੇਵਰਾਂ ਨਾਲ ਮਿਲ ਕੇ ਤੁਹਾਡੀਆਂ ਜਰੂਰਤਾਂ ਪੂਰੀਆਂ ਕਰਨ ਲਈ ਸਹਾਇਤਾ ਕਰ ਸਕਦੇ ਹਨ।

ਲਾਭਾਂ ਬਾਰੇ ਜਾਣਕਾਰੀ ਤੋਂ ਭਾਵਨਾਤਮਕ ਸਹਾਇਤਾ ਤੱਕ, ਸਾਡੀ ਜਾਣਕਾਰੀ ਅਤੇ ਸਹਾਇਤਾ ਕਰਮਚਾਰੀ, ਸਹਾਇਤਾ ਲਈ ਉਪਲਬਧ ਹਨ।





**0808 800 0303** ਤੇ ਕਾੱਲ ਕਰਕੇ (ਪਾਠ ਪ੍ਰਸਾਰਣ **18001 0808 800 0303**) ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ। ਵਿਆਖਿਆ ਸੇਵਾ ਉਪਲਬਧ ਹੈ।

# ਕੋਈ ਵਿਅਕਤੀ ਜੋ ਸਮਝਦਾ ਹੈ

## ਪਾਰਕਿੰਸਨ'ਸ ਨਾਲ ਪ੍ਰਭਾਵਿਤ ਦੂਜੇ ਲੋਕਾਂ ਨਾਲ ਗੱਲ ਕਰੋ

### ਵੈਬਸਾਈਟ ਫੋਰਮ

ਸਾਡਾ ਫੋਰਮ ਪਾਰਕਿੰਸਨ'ਸ ਦੇ ਅਨੁਭਵ ਸਾਂਝੇ ਕਰਨ ਦਾ ਸ਼ਾਨਦਾਰ ਤਰੀਕਾ ਅਤੇ ਸਥਿਤੀ ਦੁਆਰਾ ਪ੍ਰਭਾਵਿਤ ਲੋਕਾਂ ਨਾਲ ਵੈਬ ਤੇ ਗੱਲਬਾਤ ਕਰੋ। ਫੋਰਮ, ਪਾਰਕਿੰਸਨ'ਸ ਨਾਲ ਪ੍ਰਭਾਵਿਤ ਲੋਕਾਂ ਅਤੇ ਉਸਦੇ ਪਰਿਵਾਰ ਅਤੇ ਦੋਸਤਾਂ ਲਈ ਹੈ।

ਵੱਡੀ ਗਿਣਤੀ ਵਿੱਚ ਮੁੱਦਿਆਂ ਜਿਵੇਂ ਜਾਂਚਾਂ ਪ੍ਰਤੀ ਪ੍ਰਤੀਕਿਰਿਆ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਥੋੜਾ ਸੌਖਾ ਬਣਾਉਣ ਦੇ ਟਿਪਸ ਬਾਰੇ ਆਪਣੇ ਵਿਚਾਰ ਅਤੇ ਅਨੁਭਵ ਤੁਸੀ ਸਾਈਟ ਦੀ ਵਰਤੋਂ ਕਰਕੇ ਸਾਂਝੇ ਕਰ ਸਕਦੇ ਹਨ।





## ਸਹਿਕਰਮੀ ਸਮਰਥਨ ਸੇਵਾ

ਜੇਕਰ ਤੁਸੀ ਪਾਰਕਿੰਸਨ'ਸ ਨਾਲ ਪ੍ਰਭਾਵਿਤ ਉਸ ਵਿਅਕਤੀ ਨਾਲ ਗੱਲ ਕਰਨਾ ਚਾਹੁੰਦੇ ਹੋ ਜਿਸਦੇ ਤੁਹਾਡੇ ਸਮਾਨ ਮੁੱਦੇ ਹਨ, ਅਸੀ ਤੁਹਾਨੂੰ ਇੱਕ ਸਿੱਖਿਅਤ ਸਹਿਕਰਮੀ ਸਮਰਥਨ ਵਲੰਟੀਅਰ ਦੇ ਸੰਪਰਕ ਵਿੱਚ ਰੱਖ ਸਕਦੇ ਹਾਂ।

ਤੁਸੀ ਪਾਰਕਿੰਸਨ'ਸ ਸੰਬੰਧੀ ਕੋਈ ਚੀਜ਼ ਜਿਵੇਂ ਇਲਾਜ ਦੇ ਨਿੱਜੀ ਅਨੁਭਵ, ਸਥਿਤੀ ਨਾਲ ਨਿਪਟਨ ਦੇ ਤਰੀਕੇ ਅਤੇ ਪਾਰਕਿੰਸਨ'ਸਨਾਲ ਪ੍ਰਭਾਵਿਤ ਵਿਅਕਤੀ ਦੀ ਸੰਭਾਲ ਦੇ ਤਰੀਕਿਆਂ ਦੀ ਚਰਚਾ ਕਰ ਸਕਦੇ ਹੋ।

ਜੇ ਤੁਸੀ ਕੇਵਲ ਪਾਰਕਿੰਸਨ'ਸ ਨਾਲ ਪ੍ਰਭਾਵਿਤ ਕਿਸੇ ਹੋਰ ਵਿਅਕਤੀ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਸਾਡੇ ਵਲੰਟੀਅਰ ਵੀ ਬਹੁਤ ਖੁਸ਼ ਹੋਣਗੇ। ਸੇਵਾ ਮੁਫਤ ਅਤੇ ਗੁਪਤ ਹੈ। ਸਾਡੇ ਵਲੰਟੀਅਰ ਤੁਹਾਡੇ ਸੁਵਿਧਾਜਨਕ ਸਮੇਂ ਤੇ ਫ਼ੋਨ ਕਰਨਗੇ।

## ਸਥਾਨਕ ਸਮੂਹ

ਸਹਾਇਤਾ ਅਤੇ ਮਿੱਤਰਤਾ ਪ੍ਰਾਪਤ ਕਰੋ ਅਤੇ ਸਾਡੇ ਸਥਾਨਕ ਸਮੂਹ ਤੇ ਪਾਰਕਿੰਸਨ'ਸਨਾਲ ਪ੍ਰਭਾਵਿਤ ਦੂਜੇ ਲੋਕਾਂ ਨਾਲ ਮਿਲੋ।

ਸਥਾਨਕ ਸਮੂਹ ਸਾਰੇ ਰੂਪਾਂ ਅਤੇ ਆਕਾਰਾਂ ਵਿੱਚ ਆਉਂਦੇ ਹਨ ਅਤੇ ਕੁਝ ਖਾਸ ਤੌਰ ਤੇ ਪਾਰਕਿੰਸਨ'ਸ ਨਾਲ ਪ੍ਰਭਾਵਿਤ ਜਵਾਨ ਲੋਕਾਂ ਦੇ ਹਨ।

ਦੋਸਤੀ ਅਤੇ ਸਹਾਇਤਾ ਦੇ ਨਾਲ ਕਈ ਸਮੂਹ ਬਹੁਤ ਗਤੀਵਿਧੀਆਂ ਜਿਵੇਂ ਕਸਰਤ ਕਲਾਸਾਂ ਅਤੇ ਨੱਚਣਾ ਦਿਨ ਦੇ ਟੂਰ ਅਤੇ ਪਾਰਕਿੰਸਨ'ਸ ਨਾਲ ਸੰਬੰਧਿਤ ਕਈ ਵਿਸ਼ਿਆਂ ਤੇ ਗੱਲਾਂ ਦੀ ਪੇਸ਼ਕਸ ਕਰਦੇ ਹਨ।

**0808 800 0303** ਤੇ ਕਾੱਲ ਕਰਕੇ (ਪਾਠ ਪ੍ਰਸਾਰਣ **18001 0808 800 0303**) ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ। ਵਿਆਖਿਆ ਸੇਵਾ ਉਪਲਬਧ ਹੈ।

# ਹਰ ਚੀਜ਼ ਜੋ ਤੁਸੀ ਜਾਣਨਾ ਚਾਹੁੰਦੇ ਹੋ

## ਉਹ ਜਾਣਕਾਰੀ ਜਿਸ ਤੇ ਤੁਸੀ ਭਰੋਸਾ ਕਰ ਸਕਦੇ ਹੋ

### ਜਾਣਕਾਰੀ ਦੇ ਸਰੋਤ

ਸਾਡੇ ਅਪ-ਟੁ-ਡੇਟ ਸਰੋਤ ਜਾਣਕਾਰੀ ਲਈ ਕਵਾਲਿਟੀ ਸਟੈਂਡਰਡਾਂ ਨੂੰ ਸਮਝਦੇ ਹਨ। ਪਾਰਕਿੰਸਨ'ਸ ਨਾਲ ਰਹਿਣ ਦੇ ਸਾਰੇ ਪੱਖਾਂ ਬਾਰੇ ਜ਼ਿਆਦਾ ਜਾਣਨ ਲਈ ਕਈ ਸ਼ਾਨਦਾਰ ਤਰੀਕੇ ਹਨ।

ਸਾਡੇ ਸਰੋਤ ਪਾਰਕਿੰਸਨ'ਸ ਕੀ ਹੈ ਅਤੇ ਇਸਦਾ ਇਲਾਜ ਕਿਵੇਂ ਕੀਤਾ ਜਾਵੇ, ਬਾਰੇ ਜਾਣਕਾਰੀ ਸਮੇਤ ਵਿਸ਼ਿਆਂ ਦੀ ਇੱਕ ਲੜੀ ਦੀ ਪੂਰਤੀ ਕਰਦੇ ਹਨ। ਉਹ ਭਾਵਨਾਤਮਕ ਮੁੱਦਿਆਂ ਅਤੇ ਸਥਿਤੀ ਰੋਜ਼ਾਨਾ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ, ਨੂੰ ਵੀ ਦੇਖਦੇ ਹਨ।

ਸਾਡੇ ਸਾਰੇ ਸਰੋਤ ਆਡਰ ਦੇਣ ਜਾਂ ਡਾਊਨਲੋਡ ਕਰਨ ਲਈ ਮੁਫ਼ਤ ਹਨ। ਤੁਸੀ ਉਹਨਾਂ ਨੂੰ ਹੋਰ ਭਾਸ਼ਾਵਾਂ ਵਿੱਚ ਵੀ ਪੜ੍ਹ ਸਕਦੇ ਹੋ।

### ਵੈਬਸਾਈਟ

ਸਾਡੀ ਵੈਬਸਾਈਟ ਪਾਰਕਿੰਸਨ'ਸ ਬਾਰੇ ਜਾਣਕਾਰੀ ਨਾਲ ਭਰੀ ਹੋਈ ਹੈ। ਤੁਸੀ ਸਥਿਤੀ ਬਾਰੇ ਅਤੇ ਇਸ ਨਾਲ ਕਿਵੇਂ ਰਿਹਾ ਜਾਵੇ ਜ਼ਿਆਦਾ ਜਾਣਕਾਰੀ ਲੈ ਸਕਦੇ ਹੋ ਇਸਦੇ ਨਾਲ ਨਾਲ ਪਾਰਕਿੰਸਨ'ਸਦੀ ਨਵੀਨਤਮ ਖੋਜ ਨਾਲ ਅਪ-ਟੂ-ਡੇਟ ਰੱਖੀ ਜਾਂਦੀ ਹੈ।

ਤੁਸੀ ਆਪਣੀ ਨਜ਼ਦੀਕੀ ਜਾਣਕਾਰੀ ਅਤੇ ਸਹਾਇਤਾ ਕਰਮਚਾਰੀ ਅਤੇ ਸਥਾਨਕ ਸਮੂਹ ਸਮੇਤ ਸਾਡੀਆਂ ਸਾਰੀਆਂ ਜਾਣਕਾਰੀਆਂ ਅਤੇ ਸਹਾਇਤਾਂ ਸੇਵਾਵਾਂ ਲਈ ਸੰਪਰਕ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ।







## ਸਥਾਨਕ ਜਾਣਕਾਰੀ ਘਟਨਾਵਾਂ

ਅਸੀ UK ਅੰਦਰ ਸਾਲ ਭਰ ਵਿੱਚ ਹੋਣ ਵਾਲੇ ਜਾਣਕਾਰੀ ਸਮਾਰੋਹਾਂ ਦਾ ਪ੍ਰਬੰਧ ਕਰਦੇ ਹਾਂ। ਤੁਸੀ ਮਿਲ ਸਕਦੇ ਹੋ ਅਤੇ ਤੁਹਾਡੇ ਲਈ ਉਪਲਬਧ ਸਥਾਨਕ ਸਹਾਇਤਾ ਅਤੇ ਸੇਵਾਵਾਂ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਅਤੇ ਆਪਣੀ ਸਥਾਨਕ ਪਾਰਕਿੰਸਨ'ਸ UK ਟੀਮ ਨੂੰ ਮਿਲ ਸਕਦੇ ਹੋ।

ਤੁਸੀ ਪਾਰਕਿੰਸਨ'ਸ ਨਾਲ ਰਹਿਣ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਦੇ ਵੀ ਯੋਗ ਹੋਵੋਗੇ। ਸਥਿਤੀ ਨਾਲ ਪ੍ਰਭਾਵਿਤ ਹਰ ਵਿਅਕਤੀ ਦਾ ਸਾਡੀ ਜਾਣਕਾਰੀ ਸਮਾਰੋਹਾਂ ਤੇ ਆਉਣ ਦਾ ਸੁਆਗਤ ਹੈ।

**0808 800 0303** ਤੇ ਕਾੱਲ ਕਰਕੇ (ਪਾਠ ਪ੍ਰਸਾਰਣ **18001 0808 800 0303**) ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ। ਵਿਆਖਿਆ ਸੇਵਾ ਉਪਲਬਧ ਹੈ।

# ਸੰਪਰਕ ਵਿੱਚ ਰਹਿਣਾ

ਸਾਰੀਆਂ ਤਾਜ਼ਾ ਖਬਰਾਂ ਅਤੇ ਪਾਰਕਿੰਸਨ'ਸ ਨਾਲ ਪ੍ਰਭਾਵਿਤ ਵਿਅਕਤੀਆਂ ਤੋਂ ਗੱਲਾਂ ਸੁਣੋ।

## ਪਾਰਕਿੰਸਨ'ਸ ਦੀ UK ਮੈਂਬਰਸ਼ਿਪ

ਜੇ ਤੁਸੀ ਜਾਣਕਾਰੀ ਸਹਾਇਤਾ ਅਤੇ ਖਬਰਾਂ ਪ੍ਰਾਪਤ ਕਰਨ ਲਈ ਲਗਾਤਾਰ ਸਾਡੇ ਸੰਪਰਕ ਵਿੱਚ ਰਹਿਣਾ ਚਾਹੁੰਦੇ ਹੋ ਤਾਂ ਪਾਰਕਿੰਸਨ'ਸ UK ਦੇ ਮੈਂਬਰ ਕਿਉਂ ਨਹੀਂ ਬਣਦੇ?

ਮੈਂਬਰ ਸਾਡੀ ਤਿਮਾਹੀ ਮੈਗਜ਼ੀਨ, ਦ ਪਾਰਕਿੰਸਨ'ਸ ਪ੍ਰਾਪਤ ਕਰਦੇ ਹਨ। ਹਰੇਕ ਮੁੱਦਾ ਪਾਰਕਿੰਸਨ'ਸ ਨਾਲ ਜੀਅ ਰਹੇ ਲੋਕਾਂ ਦੀਆਂ ਕਹਾਣੀਆਂ ਅਤੇ ਅਨੁਭਵਾਂ ਅਤੇ ਉਹਨਾਂ ਦੇ ਸਥਿਤੀ ਬਾਰੇ ਵਰਤਮਾਨ ਜਾਣਕਾਰੀ ਨਾਲ ਭਰਪੂਰ ਹੈ।

ਤੁਸੀ ਪਾਰਕਿੰਸਨ'ਸ ਦੀ ਖੋਜ ਵਿੱਚ ਮਹੱਤਵਪੂਰਨ ਉਪਲਬਧੀ ਤੇ ਅਪਡੇਟਸ ਨਾਲ ਪ੍ਰੋਗਰੈਸ ਮੈਗਜ਼ੀਨ ਵੀ ਪ੍ਰਾਪਤ ਕਰੋਂਗੇ।

ਅਤੇ ਸਥਾਨਕ ਲੋਕਾਂ ਦੀਆਂ ਕਹਾਣੀਆਂ ਸਮੇਤ ਖਬਰਾਂ ਅਤੇ ਘਟਨਾਵਾਂ ਅਤੇ ਤੁਹਾਡੇ ਖੇਤਰ ਵਿੱਚ ਕੀ ਹੋ ਰਿਹਾ ਹੈ ਉਸ ਬਾਰੇ ਅਸੀ ਤੁਹਾਨੂੰ ਜਾਣਕਾਰੀ ਭੇਜਾਂਗੇ।

ਪਾਰਕਿੰਸਨ'ਸ UK ਮੈਂਬਰਸ਼ਿਪ ਦੀ ਲਾਗਤ ਕੇਵਲ £4 ਹੈ।

**0808 800 0303** ਤੇ ਕਾੱਲ ਕਰਕੇ (ਪਾਠ ਪ੍ਰਸਾਰਣ **18001 0808 800 0303**) ਜ਼ਿਆਦਾ ਜਾਣਕਾਰੀ ਪ੍ਰਾਪਤ ਕਰੋ। ਵਿਆਖਿਆ ਸੇਵਾ ਉਪਲਬਧ ਹੈ।

## ਸਮਾਜਿਕ ਮੀਡੀਆ

ਜੇਕਰ ਤੁਸੀ ਵੈਬ ਵਰਤਦੇ ਹੋ ਤਾਂ ਚੈਰਿਟੀ, ਖੋਜ ਦੀਆਂ ਉਪਲਬਧੀਆਂ ਅਤੇ ਹੋਰ ਪਾਰਕਿੰਸਨ'ਸ ਖਬਰਾਂ 'ਮਾਈਕ੍ਰੋਬਲਾਗਿੰਗ ਸਾਈਟ' ਟਵਿੱਟਰ ਤੇ ਪ੍ਰਾਪਤ ਕਰੋ।

ਨਵੀਨਤਮ ਜਾਣਕਾਰੀ ਅਤੇ ਘਟਨਾਵਾਂ ਨਾਲ ਅਪ-ਟੂ-ਡੇਟ ਰਹਿਣ ਲਈ ਫੇਸਬੁੱਕ ਦੀ ਵਰਤੋਂ ਕਰੋ ਅਤੇ ਪਾਰਕਿੰਸਨ'ਸ ਨਾਲ ਪ੍ਰਭਾਵਿਤ ਹੋਰ ਲੋਕਾਂ ਦੇ ਨਾਲ ਆਪਣੇ ਅਨੁਭਵ ਸਾਂਝੇ ਕਰੋ।

**www.facebook.com/parkinsonsuk**

**www.twitter.com/parkinsonsuk**



## ਹਰ ਘੰਟੇ UK ਵਿੱਚ ਕੋਈ ਵਿਅਕਤੀ ਕਹਿੰਦਾ ਹੈ ਕਿ ਉਸਨੂੰ ਪਾਰਕਿੰਸਨ'ਸ ਹੈ। ਕਿਉਂਕਿ ਅਸੀ ਇੱਥੇ ਹਾਂ, ਕਿਸੇ ਨੂੰ ਵੀ ਇਕੱਲਿਆਂ ਪਾਰਕਿੰਸਨ'ਸ ਦਾ ਸਾਹਮਣਾ ਨਹੀ ਕਰਨਾ ਪਵੇਗਾ।

ਅਸੀ ਪਾਰਕਿੰਸਨ'ਸ ਨਾਲ ਪ੍ਰਭਾਵਿਤ ਲੋਕਾਂ ਨੂੰ ਸਾਡੇ ਸਥਾਨਕ ਸਮੂਹਾਂ ਦੇ ਨੈਟਵਰਕ, ਸਾਡੀ ਵੈਬਸਾਈਟ ਅਤੇ ਮੁਫ਼ਤ ਗੁਪਤ ਹੈਲਪਲਾਈਨ ਦੁਆਰਾ ਉਹਨਾਂ ਦੇ ਦੇਖਭਾਲਕਰਤਾਵਾਂ ਅਤੇ ਪਰਿਵਾਰਾਂ ਤੱਕ ਲਿਆਉਂਦੇ ਹਾਂ। ਮਾਹਿਰ ਨਰਸਾਂ, ਸਾਡੇ ਸਹਾਇਕ ਅਤੇ ਸਟਾਫ਼ ਪਾਰਕਿੰਸਨ'ਸਦੇ ਹਰੇਕ ਪੱਖ ਤੇ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਦੇ ਹਨ।

ਜਿਵੇਂ ਕਿ UK ਦੇ ਪਾਰਕਿੰਸਨ'ਸ ਦੀ ਸਹਾਇਤਾ ਅਤੇ ਖੋਜ ਚੈਰਿਟੀ ਦੇ ਰੂਪ ਵਿੱਚ ਅਸੀ ਇਲਾਜ ਪਤਾ ਕਰਨ ਦੇ ਕੰਮ ਦੀ ਅਗਵਾਈ ਕਰ ਰਹੇ ਹਾਂ ਅਤੇ ਅਸੀ ਪਹਿਲਾਂ ਨਾਲੋਂ ਜ਼ਿਆਦਾ ਨਜ਼ਦੀਕ ਹਾਂ। ਅਸੀ ਦ੍ਰਿਸ਼ਟੀਕੋਣ ਬਦਲਣ ਅਤੇ ਬਿਹਤਰ ਸੇਵਾਵਾਂ ਦੀ ਮੰਗ ਵੀ ਮੁਹਿੰਮ ਚਲਾਈ ਹੈ।

ਸਾਡਾ ਕੰਮ ਪੂਰੀ ਤਰ੍ਹਾਂ ਦਾਨਾਂ ਤੇ ਨਿਰਭਰ ਹੈ। ਇਲਾਜ ਦਾ ਪਤਾ ਕਰਨ ਅਤੇ ਪਾਰਕਿੰਸਨ'ਸ ਦੁਆਰਾ ਪ੍ਰਭਾਵਿਤ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਸੁਧਾਰਨ ਵਿੱਚ ਸਾਡੀ ਸਹਾਇਤਾ ਕਰੋ।

**ਪਾਰਕਿੰਸਨ'ਸ UK**
ਮੁਫ਼ਤ* ਗੁਪਤ ਹੈਲਪਲਾਈਨ **0808 800 0303**
ਵਿਸ਼ਾ-ਵਸਤੂ ਪ੍ਰਸਾਰਣ **18001 0808 800 0303**
ਸੋਮਵਾਰ ਤੋਂ ਸ਼ੁੱਕਰਵਾਰ 9am–8pm, ਸ਼ਨੀਵਾਰ 10am–2pm
ਵਿਆਖਿਆ ਉਪਲਬਧ।

*UK ਲੈਂਡਲਾਈਨਾਂ ਅਤੇ ਜ਼ਿਆਦਾਤਰ ਮੋਬਾਇਲ ਨੈਟਵਰਕਾਂ ਤੋਂ ਕਾੱਲਾਂ ਮੁਫ਼ਤ ਹਨ।

**parkinsons.org.uk/supportnetworks**
**hello@parkinsons.org.uk**

The Helplines Association Member Quality Standard

The Information Standard Certified member

**This resource is supported by The Medtronic Foundation and we are grateful for their generous gift. Our supporters don't have any input into the content of our publications.**

**ਇਸ ਪ੍ਰਕਾਸ਼ਨ ਵਿੱਚ ਮੇਡਟ੍ਰੋਨਿਕ ਫਾਉਂਡੇਸ਼ਨ ਦੁਆਰਾ ਸਹਾਇਤਾ ਦਿੱਤੀ ਗਈ ਹੈ ਅਤੇ ਅਸੀਂ ਉਹਨਾਂ ਦੇ ਉਦਾਰ ਤੋਹਫ਼ੇ ਲਈ ਧੰਨਵਾਦੀ ਹਾਂ। ਸਾਡੀ ਸਹਾਇਤਾ ਕਰਨ ਵਾਲਿਆਂ ਦਾ ਸਾਡੇ ਪਕ੍ਰਾਸ਼ਨਾਂ ਦੀ ਸਮੱਗਰੀ ਵਿੱਚ ਕੋਈ ਯੋਗਦਾਨ ਨਹੀਂ ਹੰਦੁਾ ਹੈ।**

©ਪਾਰਕਿੰਸਨ'ਸ UK ਅਗਸਤ 2012। ਪਾਰਕਿੰਸਨ'ਸ UK ਪਾਰਕਿੰਸਨ'ਸ ਯੂਨਾਈਟਿਡ ਕਿੰਗਡਮ ਦੀ ਸਥਿਤੀ ਸੋਸਾਇਟੀ ਦਾ ਸੰਚਾਲਿਤ ਨਾਮ ਹੈ। ਇੰਗਲੈਂਡ ਅਤੇ ਵੇਲਸ (258197) ਅਤੇ ਸਕਾੱਟਲੈਂਡ (SC037554) ਵਿੱਚ ਪੰਜੀਕ੍ਰਿਤ ਇੱਕ ਚੈਰਿਟੀ।

L025P